ਵਿਸ਼ਾ :- ਸੰਤ ਲੋਗੋਂਵਾਲ ਇੰਜਨੀਅਰਿੰਗ ਅਤੇ ਟੈਕਨੋਲੋਜੀ ਸੰਸਥਾ ਵਿੱਚ ਦਾਖਲੇ ਸਬੰਧੀ ਵਿਦਿਆਰਥੀਆਂ ਲਈ ਜਾਣਕਾਰੀ।

ਸੰਤ ਲੋਗੋਂਵਾਲ ਇੰਜਨੀਅਰਿੰਗ ਅਤੇ ਟੈਕਨੋਲੋਜੀ ਸੰਸਥਾ (ਜਿਲ੍ਹਾ ਸੰਗਰੂਰ) ਭਾਰਤ ਸਰਕਾਰ ਦੁਆਰਾ ਨਵੇਂ ਖੇਤਰਾਂ ਵਿੱਚ ਤਕਨੀਕੀ ਸਿੱਖਿਆ ਪ੍ਰਦਾਨ ਕਰਦੀ ਹੈ ਅਤੇ ਇਸ ਨੂੰ ਪੂਰਾ ਅਨੁਦਾਨ ਕੇਂਦਰੀ ਸਰਕਾਰ ਦੁਆਰਾ ਦਿੱਤਾ ਜਾਂਦਾ ਹੈ। ਰਾਜ ਦੇ ਸਰਕਾਰੀ ਸਕੂਲਾਂ ਵਿੱਚ ਗਰੀਬ ਵਰਗ ਨਾਲ ਸਬੰਧਿਤ ਵਿਦਿਆਰਥੀ ਵੀ ਇਸ ਦਾ ਲਾਭ ਲੈ ਸਕਣ ਇਸ ਲਈ ਇਸ ਸੰਸਥਾ ਵਿੱਚ ਦਾਖਲੇ ਲਈ ਸਮੁੱਚੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

1. ਇਸ ਸਾਲ ਸੰਸਥਾ ਵਿੱਚ ਇੰਟੇਗਰੇਟਿਡ ਸਰਟੀਫਿਕੇਟ ਡਿਪਲੋਮਾ (Integrated Certificate Diploma – 03 years) ਪ੍ਰੋਗ੍ਰਾਮ ਅਤੇ ਡਿਗਰੀ ਪ੍ਰੋਗ੍ਰਾਮ (B.E.) ਚਾਰ ਸਾਲਾਂ ਡਿਗਰੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।
2. ਸੰਸਥਾ ਵਿੱਚ 75% ਸੀਟਾਂ ਪੰਜਾਬ ਦੇ ਵਿਦਿਆਰਥੀਆਂ ਲਈ ਇੰਟੇਗਰੇਟਿਡ ਸਰਟੀਫਿਕੇਟ ਡਿਪਲੋਮਾ (Integrated Certificate Diploma) ਪ੍ਰੋਗ੍ਰਾਮ ਲਈ ਰਾਖਵੀਆਂ ਹਨ ।
3. ਸੰਸਥਾ ਵਿੱਚ ਦਸਵੀਂ ਪਾਸ ਵਿਦਿਆਰਥੀ ਛੇ ਸਾਲਾਂ (03+03) ਵਿੱਚ ਤਕਨੀਕੀ ਸਿੱਖਿਆ ਵਿੱਚ ਗਰੈਜੂਏਟ ਇੰਜੀਨਿਅਰ ਬਣ ਜਾਂਦਾ ਹੈ ।
4. ICD ਦੇ ਤਿੰਨ ਸਾਲਾਂ ਦੇ ਡਿਪਲੋਮੇ ਵਿੱਚ ਦੋ ਸਾਲ ਕਾਮਯਾਬੀ ਨਾਲ ਪੂਰੇ ਕਰਨ ਤੇ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ, ਜੋ ਬਾਰ੍ਹਵੀਂ (10+2) ਦੇ ਬਰਾਬਰ ਹੋਵੇਗਾ ।
5. ਤਿੰਨ ਸਾਲਾਂ ਦੇ ਡਿਪਲੋਮਾ (ICD) ਪੂਰਾ ਹੋਣ ਤੇ 50% ਵਿਦਿਆਰਥੀਆਂ ਨੂੰ 04 ਸਾਲਾਂ ਡਿਗਰੀ **(B.E.)** ਦੇ ਦੂਜੇ ਸਾਲ ਵਿੱਚ ਜਾਣ ਦਾ ਸਿੱਧਾ ਮੌਕਾ ਦਿੱਤਾ ਜਾਵੇਗਾ।
6. ICD ਅਤੇ Degree Programme ਤੋਂ ਬਾਅਦ ਵਿਦਿਆਰਥੀਆਂ ਦੀ ਉੱਚ ਸਿੱਖਿਆ ਲਈ ਪੋਸਟ ਗਰੈਜੂਏਟ (M.Tech., MBA) ਅਤੇ ਡੋਕਟੋਰੇਟ (Ph.D) ਪ੍ਰੋਗ੍ਰਾਮਾਂ ਦਾ ਸਾਰੇ ਵਿਭਾਗਾਂ ਵਿੱਚ ਪ੍ਰਬੰਧ ਹੈ ।
7. ਸੰਸਥਾ ਵਿੱਚ ਫੀਸਾਂ ਬਾਕੀ ਤਕਨੀਕੀ ਸੰਸਥਾਵਾਂ ਨਾਲੋ ਬਹੁਤ ਘੱਟ ਹਨ । **ICD** ਪ੍ਰੋਗ੍ਰਾਮ ਵਿੱਚ ਟਿਉਸ਼ਨ ਫੀਸ 5000/- ਰੁਪਏ ਪ੍ਰਤੀ ਸਮੈਸਟਰ ਰੱਖੀ ਗਈ ਹੈ । ਫੀਸਾਂ ਸੰਬੰਧੀ ਪੂਰੀ ਜਾਣਕਾਰੀ ਸੰਸਥਾ ਦੀ ਵੈਬਸਾਈਟ **(www.sliet.ac.in)** ਤੇ ਉਪਲੱਬਧ ਹੈ ।
8. ਹਰ ਇੱਕ ਵਿਭਾਗ ਵਿੱਚ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਅਤੇ ਆਧੁਨਿਕ ਤਕਨੀਕਾਂ ਨਾਲ ਲੈਸ ਕਲਾਸਾਂ (Class Rooms) ਦਾ ਪ੍ਰਬੰਧ ਹੈ ।
9. ਬੱਚਿਆਂ ਲਈ ਉੱਤਮ ਦਰਜੇ ਦੀਆਂ ਨੌਕਰੀਆਂ ਦਾ ਪ੍ਰਬੰਧ ਕਰਨ ਲਈ ਵੱਖਰਾ ਵਿਭਾਗ ਕੰਮ ਕਰ ਰਿਹਾ ਹੈ ।

ਸੰਤ ਲੋਗੋਂਵਾਲ ਇੰਜਨੀਅਰਿੰਗ ਅਤੇ ਤਕਨੀਕੀ ਸੰਸਥਾ ਦੁਆਰਾ ਵਿਦਿਆਰਥੀਆਂ ਨੂੰ ਇੰਟਗਰੇਟਿਡ-ਸਰਟੀਫਿਕੇਟ ਡਿਪਲੋਮਾ (ਤਿੰਨ ਸਾਲ), ਦਸੱਵੀਂ ਪਾਸ ਵਿਦਿਆਰਥੀਆਂ ਨੂੰ ਛੇ ਸਾਲਾਂ ਵਿੱਚ ਤਕਨੀਕੀ ਸਿੱਖਿਆ ਵਿੱਚ ਗਰੈਜੂਏਟ ਇੰਜਨੀਅਰ ਅਤੇ ਅਨੇਕਾਂ ਪ੍ਰੋਗਰਾਮ ਦੇ ਦਾਖਲੇ ਲਈ ਸਲਾਈਟ ਪ੍ਰਵੇਸ਼ ਪ੍ਰੀਖਿਆ (SET), ਜਿਸ ਦਾ ਟੈਸਟ ਮਿਤੀ 31.05.2014 ਨੂੰ ਦੇਸ਼ ਦੇ ਮੁੱਖ ਸ਼ਹਿਰਾਂ ਵਿੱਚ ਹੋਣਾ ਹੈ, ਇਸ ਲਈ online ਅਰਜ਼ੀਆਂ ਮੰਗੀਆਂ ਗਈਆਂ ਹਨ।ਆਨਲਾਈਨ ਫਾਰਮ ਭਰਨ ਦੀ ਆਖਰੀ ਮਿਤੀ 30.04.2014 ਹੈ।ਆਨਲਾਈਨ ਫਾਰਮ ਸੰਸਥਾ ਦੀ ਵੈੱਬਸਾਈਟ www.sliet.ac.in ਤੇ ਅਪਲੋਡ ਕੀਤਾ ਜਾ ਸਕਦਾ ਹੈ।